# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ : 11-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿਖੇ 13 ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ।

- ਉੱਤਰੀ ਰੇਲਵੇ ਨੇ ਕਿਹਾ -ਅੱਜ ਸਾਰੀਆਂ ਰੇਲਗੱਡੀਆਂ ਆਪੋ ਆਪਣੀ ਨਿਰਧਾਰਤ ਸਮਾਂ-ਸਾਰਣੀ ਮੁਤਾਬਿਕ ਚੱਲਣਗੀਆਂ।

- ਦੇਵੀ ਦੁਰਗਾ ਦੀ ਪੂਜਾ ਦਾ ਨੌਂ ਦਿਨਾਂ ਦਾ ਤਿਉਹਾਰ, ਨਵਰਾਤਰੀ, ਅੱਜ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਸ਼ੁਰੂ ਹੋਇਆ ।

- ਸਾਊਦੀ ਅਰਬ ਦੇ ਰਿਆਧ ਕੌਮਾਂਤਰੀ ਹਵਾਈ ਅੱਡੇ 'ਤੇ ਹੋਏ ਹਮਲੇ ਵਿੱਚ, 12 ਲੋਕ ਮਾਰੇ ਗਏ ਅਤੇ 300 ਤੋਂ ਵੱਧ ਜ਼ਖਮੀ।

- ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਮਰਦਾਂ ਦਾ ਤੀਜਾ ਟਵੈਂਟੀ-ਟਵੈਂਟੀ ਅੰਤਰ-ਰਾਸ਼ਟਰੀ ਮੈਚ ਅੱਜ ਇੰਦੌਰ ਵਿੱਚ ਖੇਡਿਆ ਜਾਵੇਗਾ ।

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਚੇਨਈ ਦਾ ਦੌਰਾ ਕਰਨਗੇ। ਦੌਰੇ ਦੌਰਾਨ ਉਹ 13 ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ। ਉਹ ਕਰੀਬ 4 ਹਜ਼ਾਰ 900 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਚੇਨਈ ਮੈਟਰੋ ਰੇਲ ਪ੍ਰੋਜੈਕਟ ਦੇ ਦੂਜੇ ਗੇੜ ਦੀ ਮੈਟਰੋ ਰੇਲ ਸੇਵਾ ਨੂੰ ਰਵਾਨਾ ਕਰਨਗੇ। ਉਹ ਤਾਮਿਲਨਾਡੂ ਦੇ ਮੁੱਖ ਮੰਤਰੀ ਸੀ. ਜੋਸਫ਼ ਵਿਜੇ ਨਾਲ ਮੈਟਰੋ ਰੇਲ ਗੱਡੀ ਰਾਹੀਂ ਵੀ ਯਾਤਰਾ ਕਰਨਗੇ। ਪ੍ਰਧਾਨ ਮੰਤਰੀ 750 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਰੇਲਵੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਵੀ ਸ਼ੁਰੂਆਤ ਕਰਨਗੇ। ਇਨ੍ਹਾਂ ਵਿੱਚ 'ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ' ਤਹਿਤ ਮੁੜ-ਵਿਕਸਤ ਕੀਤੇ ਗਏ, ਪੰਜ ਅੰਮ੍ਰਿਤ ਭਾਰਤ ਸਟੇਸ਼ਨਾਂ ਦਾ ਉਦਘਾਟਨ ਸ਼ਾਮਲ ਏ। ਇਨਾ ਵਿਚ ਪਲਨੀ, ਵੇਲੋਰ ਛਾਉਣੀ, ਅੰਬਾਸ-ਮੁਦਰਮ, ਪਰਮ-ਕੁਡੀ ਅਤੇ ਨਮੱ-ਕਲ ਸ਼ਾਮਲ ਨੇ । ਸ੍ਰੀ ਮੋਦੀ ਕਰੀਬ 3 ਹਜ਼ਾਰ 700 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਮੁੱਖ ਰਾਸ਼ਟਰੀ ਸ਼ਾਹਰਾਹ ਪ੍ਰੋਜੈਕਟਾਂ ਦਾ ਵੀ ਉਦਘਾਟਨ ਕਰਨਗੇ। ਪ੍ਰਧਾਨ ਮੰਤਰੀ ਤਾਮਿਲਨਾਡੂ ਵਿੱਚ, ਬੰਦਰਗਾਹਾਂ ਨਾਲ ਸਬੰਧਤ ਕਈ ਪ੍ਰੋਜੈਕਟਾਂ ਦਾ ਵੀ ਨੀਂਹ-ਪੱਥਰ ਰੱਖਣਗੇ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼, ਸਮੁੰਦਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਏ।

---------------------------------------------------

ਪ੍ਰਧਾਨ ਮੰਤਰੀ ਧਨ-ਧਾਨਯ ਕ੍ਰਿਸ਼ੀ ਯੋਜਨਾ ਨੂੰ ਅੱਜ ਇੱਕ ਸਾਲ ਪੂਰਾ ਹੋ ਗਿਆ ਏ । ਪਿਛਲੇ ਸਾਲ ਅੱਜ ਦੇ ਦਿਨ ਦੇਸ਼ ਭਰ ਦੇ 100 ਆਸਵੰਦ ਖੇਤੀਬਾੜੀ ਜ਼ਿਲ੍ਹਿਆਂ ਵਿੱਚ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ, ਇਹ ਯੋਜਨਾ 11 ਮੰਤਰਾਲਿਆਂ ਅਤੇ ਵਿਭਾਗਾਂ ਦੀਆਂ 36 ਕੇਂਦਰੀ ਯੋਜਨਾਵਾਂ ਨੂੰ ਆਪਸ ਚ ਜੋੜਦੀ ਏ । ਇਸ ਤੋਂ ਇਲਾਵਾ, ਹਰੇਕ ਜ਼ਿਲ੍ਹੇ ਦੀਆਂ ਖਾਸ ਖੇਤੀਬਾੜੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰਾਜ ਸਰਕਾਰ ਦੀਆਂ ਯੋਜਨਾਵਾਂ ਅਤੇ ਨਿੱਜੀ ਖੇਤਰ ਦੀ ਭਾਗੀਦਾਰੀ ਨੂੰ ਸ਼ਾਮਲ ਕੀਤਾ ਗਿਆ ਏ ।

---------------------------------------------------

ਉੱਤਰੀ ਰੇਲਵੇ ਨੇ ਐਲਾਨ ਕੀਤਾ ਏ ਕਿ ਅੱਜ ਸਾਰੀਆਂ ਰੇਲਗੱਡੀਆਂ ਆਪੋ ਆਪਣੀ  ਨਿਰਧਾਰਤ ਸਮਾਂ-ਸਾਰਣੀ ਮੁਤਾਬਿਕ ਚੱਲਣਗੀਆਂ। ਰੇਲਵੇ ਨੇ ਕੱਲ੍ਹ ਸਵੇਰੇ 4 ਵਜੇ ਤੋਂ ਦੁਪਹਿਰ 2 ਵਜੇ ਦੇ ਵਿਚਕਾਰ ਨਵੀਂ ਦਿੱਲੀ ਅਤੇ ਹਜ਼ਰਤ ਨਿਜ਼ਾਮੁਦੀਨ ਰੇਲਵੇ ਸਟੇਸ਼ਨਾਂ 'ਤੇ ਪਹੁੰਚਣ ਵਾਲੀਆਂ ਮੇਲ ਅਤੇ ਐਕਸਪ੍ਰੈਸ ਰੇਲਗੱਡੀਆਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਸੀ।

---------------------------------------------------

ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ-DMRC ਨੇ ਐਲਾਨ ਕੀਤਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਬੰਦ ਕੀਤੇ ਗਏ ਸਾਰੇ 45 ਮੈਟਰੋ ਸਟੇਸ਼ਨਾਂ ਵਿਚ ਦਾਖਲ ਹੋਣ ਤੇ ਬਾਹਰ ਨਿਕਲਣ ਵਾਲੇ ਦਰਵਾਜੇ ਹੁਣ ਦੁਬਾਰਾ ਖੋਲ੍ਹ ਦਿੱਤੇ ਗਏ ਹਨ। DMRC ਨੇ ਇਹ ਵੀ ਕਿਹਾ ਕਿ ਸਾਰੇ ਸਬੰਧਤ

ਮੈਟਰੋ ਸਟੇਸ਼ਨਾਂ 'ਤੇ ਇੰਟਰਚੇਂਜ ਸਹੂਲਤਾਂ ਬਹਾਲ ਕਰ ਦਿੱਤੀਆਂ ਗਈਆਂ ਹਨ। ਜ਼ਿਕਰ ਯੋਗ ਏ ਕਿ ਦਿੱਲੀ ਮੈਟਰੋ ਨੇ ਸੁਰੱਖਿਆ ਕਾਰਨਾਂ ਕਰਕੇ ਕੱਲ੍ਹ ਰਾਤ 10 ਵਜੇ ਤੱਕ 45 ਮੈਟਰੋ ਸਟੇਸ਼ਨ ਬੰਦ ਕਰ ਦਿੱਤੇ ਸਨ।

-----------------------------------------------------------

ਰਾਸ਼ਟਰੀ ਰਾਜਧਾਨੀ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਦੇ ਮੱਦੇਨਜ਼ਰ ਦਿੱਲੀ ਪੁਲਿਸ ਨੇ ਅੱਜ ਲਈ ਇੱਕ ਟ੍ਰੈਫਿਕ ਸਲਾਹ ਜਾਰੀ ਕੀਤੀ ਏ । ਟ੍ਰੈਫਿਕ ਪੁਲਿਸ ਦੇ ਅਨੁਸਾਰ, ਮੌਜੂਦਾ ਸਥਿਤੀ ਦੇ ਆਧਾਰ 'ਤੇ ਸਵੇਰੇ 6 ਵਜੇ ਤੋਂ ਵੱਖ-ਵੱਖ ਰੂਟਾਂ 'ਤੇ ਆਵਾਜਾਈ ਨੂੰ ਮੋੜ ਦਿੱਤਾ ਜਾਵੇਗਾ। ਕਈ ਥਾਵਾਂ 'ਤੇ ਆਵਾਜਾਈ ਪ੍ਰਭਾਵਿਤ ਹੋ ਸਕਦੀ ਏ ਜਿਸ ਵਿੱਚ ਸ਼ੰਕਰ ਰੋਡ-ਵੰਦੇ ਮਾਤਰਮ ਟੀ-ਪੁਆਇੰਟ ਤੋਂ ਨਵੀਂ ਦਿੱਲੀ ਵੱਲ ਜਾਣ ਵਾਲਾ ਗੋਲ ਚੱਕਰ, ਝੰਡੇਵਾਲਾਨ-ਪੰਚ-ਕੁਈਆਂ ਰੋਡ, ਗੋਲ ਡਾਕਖਾਨਾ, ਪਟੇਲ ਚੌਕ, ਮੰਡੀ ਹਾਊਸ, ਭੈਰੋਂ ਰੋਡ-ਰਿੰਗ ਰੋਡ ਟੀ-ਪੁਆਇੰਟ ਅਤੇ ਲੋਧੀ ਰੋਡ ਫਲਾਈ-ਓਵਰ ਸ਼ਾਮਲ ਹਨ। ਪੁਲਿਸ ਨੇ ਲੋਕਾਂ ਨੂੰ ਯਾਤਰਾ ਕਰਨ ਤੋਂ ਪਹਿਲਾਂ ਜਾਣਕਾਰੀ ਲੈਣ ਅਤੇ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਏ ।

-----------------------------------------------------------

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ, ਪ੍ਰਦਰਸ਼ਨਕਾਰੀਆਂ ਵਲੋਂ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਦਾਖਲ ਹੋਣ ਮਗਰੋਂ, ਪੁਲਿਸ ਨੂੰ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਣ ਦੇਈ ਇਜਾਜ਼ਤ ਦੇਣ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ ਦੇ ਕੁਝ

ਆਗੂਆਂ ਵੱਲੋਂ ਰਾਜਨੀਤੀ ਕਰਨ ਦੀ ਸਖ਼ਤ ਨਿੰਦਾ ਕੀਤੀ ਏ । ਸ੍ਰੀ ਕਾਲਕਾ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਤਖਤਿ ਲੈਕੇ ਜ਼ਬਰਨ ਗੁਰਦੁਆਰਾ ਹਾਲ ਵਿੱਚ ਦਾਖਲ ਹੋਏ ਅਤੇ ਨਾਅਰੇਬਾਜ਼ੀ ਕੀਤੀ। ਸ੍ਰੀ ਕਾਲਕਾ ਨੇ ਕਿਹਾ ਕਿ ਗੁਰਦੁਆਰੇ ਦੇ ਅੰਦਰ ਕਿਸੇ ਵੀ ਤਰ੍ਹਾਂ ਦਾ ਵਿਰੋਧ ਪ੍ਰਦਰਸ਼ਨ ਨਾ ਤਾਂ ਬਰਦਾਸ਼ਤ ਕੀਤਾ ਜਾਵੇਗਾ ਅਤੇ ਨਾ ਹੀ ਇਸਦੀ ਇਜਾਜ਼ਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਥਿਤੀ ਨੂੰ ਦੇਖਦੇ ਹੋਏ, ਗੁਰਦੁਆਰਾ ਕਮੇਟੀ ਨੇ ਪ੍ਰਦਰਸ਼ਨਕਾਰੀਆਂ ਨੂੰ ਗੁਰਦੁਆਰੇ ਤੋਂ ਹਟਾਉਣ ਲਈ ਪੁਲਿਸ ਨੂੰ ਬੁਲਾਇਆ।

-----------------------------------------------------------

ਭਾਰਤ ਨੇ ਕਿਹਾ ਏ ਕਿ ਦਿੱਲੀ ਵਿੱਚ ਕੱਲ੍ਹ ਦੀਆਂ ਘਟਨਾਵਾਂ ਬਾਰੇ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ ਦੇ ਦਫ਼ਤਰ ਦੀਆਂ ਚਿੰਤਾਵਾਂ ਬੇਬੁਨਿਆਦ ਅਤੇ ਦੇਸ਼ ਦੇ ਅੰਦਰੂਨੀ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਦਾ ਸੰਕੇਤ ਨੇ । ਜੇਨੇਵਾ ਵਿੱਚ ਭਾਰਤੀ ਸਥਾਈ ਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ ਦੇ ਦਫ਼ਤਰ ਨੂੰ ਆਪਣੇ ਹੁਕਮ ਮੁਤਾਬਿਕ , ਦੂਜੇ ਦੇਸ਼ਾਂ ਵਿੱਚ ਨਿਰਪੱਖਤਾ ਅਤੇ ਪੱਖਪਾਤ ਤੋਂ ਬਿਨਾਂ ਵੱਡੇ ਪੱਧਰ 'ਤੇ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਏ । ਇਸ ਵਿੱਚ ਜ਼ੋਰ ਦਿੱਤਾ ਗਿਆ ਏ ਕਿ, ਹਰ ਲੋਕਤੰਤਰ ਵਾਂਗ, ਭਾਰਤੀ ਨਾਗਰਿਕ ਜਨਤਕ ਵਿਵਸਥਾ ਦੇ ਹਿੱਤ ਵਿੱਚ ਵਾਜਬ ਪਾਬੰਦੀਆਂ ਦੇ ਅਧੀਨ ਇਸ ਅਧਿਕਾਰ ਦੀ ਵਰਤੋਂ ਕਰਦੇ ਨੇ । ਇਸ ਵਿੱਚ ਇਹ ਵੀ ਕਿਹਾ ਗਿਆ ਏ ਕਿ

ਅਧਿਕਾਰੀ ਕਾਨੂੰਨ ਦੇ ਅਨੁਸਾਰ ਕੰਮ ਕਰਦੇ ਨੇ ਅਤੇ ਅਦਾਲਤਾਂ ਕਿਸੇ ਵੀ ਸ਼ਿਕਾਇਤ ਦੇ ਨਿਪਟਾਰੇ ਲਈ ਸਾਰਿਆਂ ਲਈ ਉਪਲਬਧ ਨੇ।

----------------------------------------------------

ਦੇਵੀ ਦੁਰਗਾ ਦੀ ਪੂਜਾ ਦਾ ਨੌਂ ਦਿਨਾਂ ਦਾ ਤਿਉਹਾਰ, ਨਵਰਾਤਰੀ, ਅੱਜ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਸ਼ੁਰੂ ਹੋ ਗਿਆ ਏ। ਇਸ ਤਿਉਹਾਰ ਦੌਰਾਨ, ਦੇਵੀ ਦੁਰਗਾ ਦੇ 9 ਰੂਪਾਂ ਦੀ ਪੂਜਾ ਕੀਤੀ ਜਾਂਦੀ ਏ। ਅੱਜ ਨਵਰਾਤਰੀ ਦੇ ਪਹਿਲੇ ਦਿਨ, ਦੇਵੀ ਦੁਰਗਾ ਦੇ ਸ਼ੈਲਪੁੱਤਰੀ ਰੂਪ ਦੀ ਪੂਜਾ ਕੀਤੀ ਜਾ ਰਹੀ ਏ। ਦੇਵੀ ਸ਼ੈਲਪੁੱਤਰੀ ਤਾਕਤ, ਸਥਿਰਤਾ ਅਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ ਨੇ।

## ਪੇਸ਼ ਏ ਇੱਕ ਰਿਪੋਰਟ

ਦੇਵੀ ਦੁਰਗਾ ਦੇ ਨੌਂ ਅਵਤਾਰਾਂ ਨੂੰ ਸਮਰਪਿਤ ਨਰਾਤਿਆਂ ਦਾ ਨੌਂ ਦਿਨਾਂ ਦਾ ਤਿਉਹਾਰ, ਪੰਜਾਬ ਸਮੇਤ ਦੇਸ਼ ਭਰ ਦੇ ਮੰਦਿਰਾਂ ਵਿੱਚ ਸਵੇਰ ਦੀ ਆਰਤੀ ਨਾਲ ਸ਼ੁਰੂ ਹੋਇਆ, ਜਿੱਥੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਸ਼ੀਰਵਾਦ ਲੈਣ ਲਈ ਇਕੱਠੇ ਹੋਏ। ਸੂਬੇ ਦੇ ਵੱਖ-ਵੱਖ ਮੰਦਿਰਾਂ ਜਿਵੇਂ ਕਿ ਅੰਮ੍ਰਿਤਸਰ ਦੇ ਸ਼੍ਰੀ ਦੁਰਗਿਆਣਾ ਮੰਦਰ, ਪਟਿਆਲਾ ਦੇ ਮਾਤਾ ਕਾਲੀਦੇਵੀ ਮੰਦਿਰ ਅਤੇ ਜਲੰਧਰ ਦੇ ਸ਼੍ਰੀ ਦੇਵੀ ਤਾਲਾਬ ਮੰਦਿਰ ਸਮੇਤ ਰਾਜ ਦੇ ਹੋਰ ਸਾਰੇ ਮੰਦਿਰਾਂ ਵਿੱਚ, ਸ਼ਰਧਾਲੂ ਦੇਵੀ ਦੁਰਗਾ ਦੇ ਦਰਸ਼ਨਾਂ ਲਈ ਪਹੁੰਚ ਰਹੇ ਨੇ. ਮੰਦਿਰਾਂ ਵਿੱਚ ਹਵਨ ਯੱਗ ਅਤੇ ਧਾਰਮਿਕ ਪ੍ਰੋਗਰਾਮ ਜਾਰੀ ਨੇ. ਇਹ ਤਿਉਹਾਰ ਦੁਸਹਿਰੇ ਦੇ ਨਾਲ ਸੰਪੂਰਨ ਹੋਵੇਗਾ. ਦੇਸ਼ ਭਰ ਦੇ ਸ਼ਰਧਾਲੂ ਇਹਨਾਂ ਨੌਂ ਸ਼ੁਭ ਦਿਨਾਂ ਨੂੰ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਉਂਦੇ ਨੇ.

----------------------------------------------------

ਸਰਕਾਰ ਇੱਕ ਮਹੀਨੇ ਦੇ ਅੰਦਰ-ਅੰਦਰ ਮਹੱਤਵਪੂਰਨ ਖਣਿਜ ਭੰਡਾਰਾਂ ਬਾਰੇ ਨੀਤੀ ਦਾ ਐਲਾਨ ਕਰ ਸਕਦੀ ਏ। ਖਾਣਾਂ ਬਾਰੇ ਮੰਤਰਾਲੇ ਦੇ ਸਕੱਤਰ ਕੇਸ਼ਵ ਚੰਦਰ ਮੁਤਾਬਕ, ਇਸ ਨੀਤੀ ਰਾਹੀਂ ਰੱਖਿਆ, ਏਰੋਸਪੇਸ ਅਤੇ ਊਰਜਾ ਵਰਗੇ ਰਣਨੀਤਕ ਖੇਤਰਾਂ ਲਈ, ਇਨ੍ਹਾਂ ਸਰੋਤਾਂ ਦੀ

ਸਪਲਾਈ ਯਕੀਨੀ ਬਣਾਉਣ ਦੀ ਉਮੀਦ ਏ। ਉਨ੍ਹਾਂ ਕਿਹਾ ਕਿ ਸਰਕਾਰ ਗੁਜਰਾਤ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਓਡੀਸ਼ਾ ਵਿੱਚ ਚਾਰ ਸਮਰਪਿਤ ਮਹੱਤਵਪੂਰਨ ਖਣਿਜ ਪ੍ਰੋਸੈਸਿੰਗ ਪਾਰਕਾਂ 'ਤੇ ਵੀ ਕੰਮ ਕਰ ਰਹੀ ਏ। ਤਾਂਬਾ, ਲਿਥੀਅਮ, ਨਿਕਲ ਅਤੇ ਕੋਬਾਲਟ ਵਰਗੇ ਮਹੱਤਵਪੂਰਨ ਖਣਿਜ ਬਹੁਤ ਜ਼ਰੂਰੀ ਧਾਤਾਂ ਨੇ। ਇਨ੍ਹਾਂ ਦੀ ਲੋੜ, ਸਵੱਛ ਊਰਜਾ ਤਕਨਾਲੋਜੀ ਨੂੰ ਅੱਗੇ ਵਧਾਉਣ ਵਿੱਚ ਹੁੰਦੀ ਏ। ਬਿਜਲੀ ਨੈੱਟਵਰਕਾਂ, ਇਲੈਕਟ੍ਰਿਕ ਵਾਹਨਾਂ ਅਤੇ ਬੈਟਰੀ ਨਿਰਮਾਣ ਵਿੱਚ ਇਨ੍ਹਾਂ ਧਾਤਾਂ ਦੀ ਵਰਤੋਂ ਵਧ ਰਹੀ ਏ।

---------------------------------------------------------

ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਕੱਲ੍ਹ ਅਦੀਸ ਅਬਾਬਾ ਵਿੱਚ ਅਫਰੀਕਾ ਵਿੱਚ ਭਾਰਤ ਦੇ ਮਿਸ਼ਨ ਮੁਖੀਆਂ ਦੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਇਸ ਮੌਕੇ 'ਤੇ ਬੋਲਦਿਆਂ, ਉਨ੍ਹਾਂ ਕਿਹਾ ਕਿ ਭਾਰਤ ਅਤੇ ਅਫਰੀਕਾ ਗਲੋਬਲ ਸਾਊਥ ਏਕਤਾ, ਰਣਨੀਤਕ ਖੁਦ-ਮੁਖਤਿਆਰੀ, ਅਤੇ ਸਾਂਝੀਆਂ ਵਿਕਾਸ ਇੱਛਾਵਾਂ 'ਤੇ ਅਧਾਰਤ ਡੂੰਘੇ ਸਬੰਧ ਸਾਂਝੇ ਕਰਦੇ ਹਨ।

BYTE

ਇਹ ਕਾਨਫਰੰਸ ਇਥੋਪੀਆ ਦੀ ਰਾਜਧਾਨੀ ਵਿੱਚ ਡਾ. ਜੈਸ਼ੰਕਰ ਦੁਆਰਾ ਭਾਰਤ-ਅਫਰੀਕਾ ਭਾਈਵਾਲੀ ਲਈ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨ ਤੋਂ ਇੱਕ ਦਿਨ ਬਾਅਦ ਆਯੋਜਿਤ ਕੀਤੀ ਗਈ ਸੀ। ਸ਼ੁੱਕਰਵਾਰ ਨੂੰ ਅਦੀਸ ਅਬਾਬਾ ਵਿੱਚ ਅਦਵਾ ਮੈਮੋਰੀਅਲ ਮਿਊਜ਼ੀਅਮ ਵਿੱਚ ਭਾਰਤ-ਅਫਰੀਕਾ ਭਾਈਵਾਲੀ 'ਤੇ ਬੋਲਦਿਆਂ, ਉਨ੍ਹਾਂ ਕਿਹਾ ਕਿ ਭਵਿੱਖ ਦੀਆਂ ਭਾਈਵਾਲੀ ਸਮਰੱਥਾ ਬਣਾਉਣ ਵਿੱਚ ਮਦਦ ਕਰਨੀਆਂ ਚਾਹੀਦੀਆਂ ਹਨ,

ਨਿਰਭਰਤਾ ਨੂੰ ਵਧਾਉਣਾ ਨਹੀਂ, ਅਤੇ ਅਫਰੀਕਾ ਲਈ ਢੁਕਵੀਂ ਨੁਮਾਇੰਦਗੀ ਦੇ ਨਾਲ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਸੁਧਾਰ ਦੀ ਮੰਗ ਕੀਤੀ।

-----------------------------------------------------------

ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਨੇ ਕਿਹਾ ਕਿ 100-ਹਫ਼ਤੇ ਦੇ ਸੰਕਲਪ ਅਭਿਆਨ ਦੇ ਤਹਿਤ, 'my ਭਾਰਤ' ਅਤੇ 'ਰਾਸ਼ਟਰੀ ਸੇਵਾ ਯੋਜਨਾ' ਵਰਗੀਆਂ ਯੋਜਨਾਵਾਂ ਨੇ 200 ਸੰਸਥਾਵਾਂ ਅਤੇ ਗੋਦ ਲਏ ਪਿੰਡਾਂ ਦੇ ਇਕ ਲਖ 6 ਹਜ਼ਾਰ ਤੋਂ ਵੱਧ ਭਾਗੀਦਾਰਾਂ ਨੂੰ ਨਸ਼ੇ ਦੀ ਦੁਰਵਰਤੋਂ ਵਿਰੁੱਧ ਮਾਰਗਦਰਸ਼ਨ ਪ੍ਰਦਾਨ ਕੀਤਾ ਹੈ। ਮੰਤਰਾਲੇ ਨੇ ਕਿਹਾ ਕਿ ਰਵਾਇਤੀ ਸਹੁੰ ਚੁੱਕ ਸਮਾਰੋਹਾਂ ਤੋਂ ਵੀ ਅੱਗੇ ਯੁਵਾ ਸੰਵਾਦ ਮੇਲੇ ਨੇ ਨਸ਼ੇ ਦੀ ਦੁਰਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ 'ਤੇ ਚਰਚਾਵਾਂ ਨੂੰ ਉਤਸ਼ਾਹਿਤ ਕਰਨ ਲਈ ਆਪਸੀ ਗੱਲਬਾਤ, ਜਨਤਕ ਜਾਗਰੂਕਤਾ ਅਤੇ ਸੱਭਿਆਚਾਰਕ ਪ੍ਰਗਟਾਵੇ 'ਤੇ ਜ਼ੋਰ ਦਿੱਤਾ।

-----------------------------------------------------------

ਸਾਊਦੀ ਅਰਬ ਦੇ ਰਿਆਧ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹੋਏ ਹਮਲੇ ਵਿੱਚ 12 ਲੋਕ ਮਾਰੇ ਗਏ ਅਤੇ 300 ਤੋਂ ਵੱਧ ਜ਼ਖਮੀ ਹੋ ਗਏ। ਘਰੇਲੂ ਹਵਾਈ ਅੱਡੇ 'ਤੇ ਕੱਲ੍ਹ ਹੋਏ ਹਮਲੇ ਵਿੱਚ ਚਾਰ ਸਾਊਦੀ ਨਾਗਰਿਕ, ਦੋ ਬੰਗਲਾਦੇਸ਼ੀ ਅਤੇ ਅਮਰੀਕਾ, ਮਿਸਰ, ਜਾਰਡਨ, ਸੀਰੀਆ, ਸੁਡਾਨ ਅਤੇ ਫਲਸਤੀਨ ਦੇ ਇੱਕ-ਇੱਕ ਨਾਗਰਿਕ ਮਾਰੇ ਗਏ। ਇਹ ਘਟਨਾ ਗੁਆਂਢੀ ਯਮਨ ਵਿੱਚ ਈਰਾਨ ਸਮਰਥਿਤ ਹੂਤੀ ਬਾਗੀਆਂ ਵਿਰੁੱਧ ਸਾਊਦੀ ਅਗਵਾਈ ਵਾਲੇ ਗੱਠਜੋੜ ਦੇ ਹਾਲ ਹੀ ਵਿੱਚ ਕੀਤੇ ਗਏ

ਅਭਿਆਨ ਤੋਂ ਬਾਅਦ ਸਾਊਦੀ ਹਵਾਈ ਅੱਡਿਆਂ, ਫੌਜੀ ਬੁਨਿਆਦੀ ਢਾਂਚੇ ਅਤੇ ਤੇਲ ਸਹੂਲਤਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲਿਆਂ ਵਿੱਚ ਅਚਾਨਕ ਵਾਧੇ ਦਾ ਹਿੱਸਾ ਹੈ। ਹੂਤੀ ਬਾਗੀਆਂ ਨੇ ਪਹਿਲਾਂ ਹਵਾਈ ਅੱਡੇ 'ਤੇ ਹਮਲਿਆਂ ਦੀ ਜ਼ਿੰਮੇਵਾਰੀ ਲਈ ਹੈ, ਜਿਸ ਵਿੱਚ ਤਿੰਨ ਲੋਕ ਮਾਰੇ ਗਏ ਸਨ, ਪਰ ਉਨ੍ਹਾਂ ਨੇ ਇਸ ਤਾਜ਼ਾ ਹਮਲੇ 'ਤੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ, ਹਾਲਾਂਕਿ ਉਨ੍ਹਾਂ ਨੇ ਸਾਊਦੀ ਅਰਬ 'ਤੇ ਯਮਨ ਦੀ ਰਾਜਧਾਨੀ ਸਾਨਾ ਵਿੱਚ ਹਵਾਈ ਅੱਡੇ 'ਤੇ ਬੰਬਾਰੀ ਕਰਨ ਦਾ ਇਲਜ਼ਾਮ ਲਗਾਇਆ ਹੈ।

------------------------------------------------------------

ਅੱਜ ਪੰਜਾਬ ਦੇ ਫਾਜ਼ਿਲਕਾ, ਮੁਕਤਸਰ, ਅਤੇ ਮਾਨਸਾ  ਸਮੇਤ ਹੋਰਨਾਂ ਕੁਝ ਜ਼ਿਲਿਆਂ ਵਿਚ ਗਰਜ-ਚਮਕ ਨਾਲ ਮੀਂਹ ਪੈ ਰਿਹਾ ਏ । ਜਦਕਿ ਜਲੰਧਰ ਸਮੇਤ ਕੁਝ ਥਾਵਾਂ ਤੇ ਬੱਦਲਵਾਈ ਬਣੀ ਹੋਈ ਏ ।

------------------------------------------------------------

ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਮਰਦਾਂ ਦਾ ਤੀਜਾ 20-20 ਅੰਤਰਰਾਸ਼ਟਰੀ ਮੈਚ ਅੱਜ ਇੰਦੌਰ ਦੇ ਹੋਲਕਰ ਸਟੇਡੀਅਮ ਵਿੱਚ ਖੇਡਿਆ ਜਾਵੇਗਾ। ਇਹ ਮੈਚ ਸ਼ਾਮ 7 ਵਜੇ ਸ਼ੁਰੂ ਹੋਵੇਗਾ। ਰਾਂਚੀ ਵਿੱਚ ਦੂਜੇ ਮੈਚ ਵਿੱਚ ਵੈਸਟ ਇੰਡੀਜ਼ ਵਲੋਂ ਭਾਰਤ ਨੂੰ ਛੇ ਵਿਕਟਾਂ ਨਾਲ ਹਰਾਉਣ ਤੋਂ ਬਾਅਦ ਪੰਜ ਮੈਚਾਂ ਦੀ ਲੜੀ 1-1 ਨਾਲ ਬਰਾਬਰ ਏ । ਵੈਸਟ ਇੰਡੀਜ਼ ਨੇ ਭਾਰਤ ਦੇ 250 ਦੌੜਾਂ ਦੇ ਟੀਚੇ ਨੂੰ ਇੱਕ ਓਵਰ ਤੋਂ ਵੱਧ ਸਮਾਂ ਰਹਿੰਦੇ ਪ੍ਰਾਪਤ ਕਰ ਲਿਆ ਸੀ ।

------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿਖੇ 13 ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ।

- ਉੱਤਰੀ ਰੇਲਵੇ ਨੇ ਕਿਹਾ -ਅੱਜ ਸਾਰੀਆਂ ਰੇਲਗੱਡੀਆਂ ਆਪੋ ਆਪਣੀ ਨਿਰਧਾਰਤ ਸਮਾਂ-ਸਾਰਣੀ ਮੁਤਾਬਿਕ ਚੱਲਣਗੀਆਂ।

- ਦੇਵੀ ਦੁਰਗਾ ਦੀ ਪੂਜਾ ਦਾ ਨੌਂ ਦਿਨਾਂ ਦਾ ਤਿਉਹਾਰ, ਨਵਰਾਤਰੀ, ਅੱਜ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਸ਼ੁਰੂ ਹੋਇਆ ।

- ਸਾਊਦੀ ਅਰਬ ਦੇ ਰਿਆਧ ਕੌਮਾਂਤਰੀ ਹਵਾਈ ਅੱਡੇ 'ਤੇ ਹੋਏ ਹਮਲੇ ਵਿੱਚ, 12 ਲੋਕ ਮਾਰੇ ਗਏ ਅਤੇ 300 ਤੋਂ ਵੱਧ ਜ਼ਖਮੀ।

- ਭਾਰਤ ਅਤੇ ਵੈਸਟਇੰਡੀਜ਼ ਵਿਚਕਾਰ ਮਰਦਾਂ ਦਾ ਤੀਜਾ ਟਵੈਂਟੀ-ਟਵੈਂਟੀ ਅੰਤਰ-ਰਾਸ਼ਟਰੀ ਮੈਚ ਅੱਜ ਇੰਦੌਰ ਵਿੱਚ ਖੇਡਿਆ ਜਾਵੇਗਾ।

---

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**